# ਪੈਪਸੀਕੋ ਇੰਡੀਆ ਦਾ ਕਿਸਾਨਾਂ ਨਾਲ ਅਨੂਠਾ ਦੋਸਤਾਨਾ

ਜਲੰਧਰ/ਦਸਨਸ : ਭਾਰਤੀ ਖੇਤੀ ਵਪਾਰ ਵਿਚ ਪੈਪਸੀਕੋ ਟ੍ਰਪੀਕਾਨਾ ਅਤੇ ਪੈਗਰੈਕਸਕੋ ਸਿਟਰਸ ਡਿਵੈਲਮੈਂਟ ਪ੍ਰੋਗਰਾਮ ਨੇ ਜਨਤਾ ਅਤੇ ਨਿੱਜੀ ਖੇਤਰ ਦੀਆਂ ਕੰਪਨੀਆਂ ਵਿਚ ਸਹਿਯੋਗ ਦਾ ਇਕ ਮਾਡਲ ਪੇਸ਼ ਕੀਤਾ ਹੈ। ਇਸ ਪ੍ਰੋਗਰਾਮ ਦੀ ਸ਼ੁਰੂਆਤ ਪੰਜਾਬ ਸਰਕਾਰ ਅਤੇ ਪੈਪਸੀਕੋ ਇੰਡੀਆ ਦੇ ਲਈ ਉਪਯੋਗੀ ਜ਼ਰੂਰਤਾਂ ਦੇ ਅਧਾਰ 'ਤੇ ਹੋਈ ਸੀ।

ਪੈਪਸੀਕੋ ਦੀ ਕੋਸ਼ਿਸ਼ ਸੀ ਕਿ ਦੁਨੀਆਂ ਦੇ ਸਭ ਤੋਂ ਵੱਡੇ ਜੂਸ ਬ੍ਰਾਂਡ ਟ੍ਰਪੀਕਾਨਾ ਦੇ ਲਈ ਖੱਟੇ ਫਲਾਂ ਦੀ ਸਪਲਾਈ ਲੋਕਲ ਪੱਧਰ 'ਤੇ ਹੋ ਸਕੇ। ਇਸ ਦੇ ਲਈ ਖੱਟੇ ਫਲਾਂ ਦੀ ਖੇਤੀ ਪਰਿਯੋਜਨਾ 'ਤੇ ਵਿਚਾਰ ਸ਼ੁਰੂ ਹੋਇਆ।

ਪੈਪਸੀਕੋ ਨੇ ਸਾਲ 1989 ਵਿਚ ਪੰਜਾਬ ਸਰਕਾਰ ਨਾਲ ਰਾਜ ਵਿਚ ਕਾਂਟਰੈਕਟ ਫਾਰਮਿੰਗ ਦੀ ਸ਼ੁਰੂਆਤ ਕੀਤੀ, ਜਿਸ ਨੂੰ 2002 ਵਿਚ ਸ਼ੁਰੂ ਹੋਈ ਇਸ ਪਰਿਯੋਜਨਾ ਨੇ ਹੋਰ ਗਹਿਰਾ ਸਵਰੂਪ ਦਿੱਤਾ।

ਕੰਪਨੀ ਦੇ ਸੀ ਈ ਓ ਸੰਜੀਵ ਚੱਢਾ ਨੇ ਪਿੰਡ ਜੱਲੋਵਾਲ (ਜਲੰਧਰ) ਵਿਖੇ ਕਿਸਾਨਾਂ ਨਾਲ ਗੱਲਬਾਤ ਕੀਤੀ। ਖੇਤੀ ਅਧਾਰ ਦੇ ਵਿਸਥਾਰ ਲਈ ਰਸਤੇ ਤਲਾਸ਼ਣ ਵਿਚ ਲੱਗੀ ਪੰਜਾਬ ਸਰਕਾਰ ਨੇ ਖੇਤਾਂ ਤੋਂ ਆਮਦਨ ਵਧਾਉਣ ਦੇ ਲਈ ਫਲਾਂ ਅਤੇ ਫੁੱਲਾਂ ਦੀ ਖੇਤੀ ਨੂੰ ਪ੍ਰੋਤਸਾਹਨ ਦਿੱਤਾ।

ਰਾਜ ਸਰਕਾਰ ਨੇ ਨਰਸਰੀ ਸਥਾਪਤ ਕਰਨ ਦੇ ਲਈ ਜ਼ਮੀਨ, ਬਿਜਲੀ, ਪਾਣੀ ਜਿਹੀਆਂ ਬੇਸਿਕ ਲੋੜਾਂ ਨੂੰ ਪੂਰਾ ਕਰਨ ਵਿਚ ਮਹੱਤਵਪੂਰਨ ਯੋਗਦਾਨ ਦਿੱਤਾ। ਇਨਵਾਇਰਨਮੈਂਟ ਸਬੰਧੀ ਫਾਇਦੇ ਖੱਟੇ ਫਲਾਂ ਦੀ ਖੇਤੀ ਨੂੰ ਹੋਰ ਵੀ ਆਕਰਸ਼ਕ ਬਣਾਉਂਦੇ ਹਨ, ਜਿਵੇਂ ਕਿ ਝੋਨੇ ਜਿਹੀਆਂ ਫਸਲਾਂ ਦੀ ਤੁਲਨਾ ਵਿਚ ਖੱਟੇ ਫਲਾਂ ਦੀ ਖੇਤੀ ਦੇ ਲਈ ਘੱਟ ਪਾਣੀ ਅਤੇ ਘੱਟ ਬਿਜਲੀ ਦੀ ਜ਼ਰੂਰਤ ਹੁੰਦੀ ਹੈ। ਇਨ੍ਹਾਂ ਫਲਾਂ ਦੀ ਪੈਦਾਵਾਰ ਦੇ ਲਈ ਖਾਦ ਅਤੇ ਰਸਾਇਣਾਂ ਦੀ ਘੱਟ ਵਰਤੋਂ ਕਰਨੀ ਪੈਂਦੀ ਹੈ। ਅੱਜ ਕਿਸਾਨ 16 ਰੂਟਸਟਾਕ ਅਤੇ ਖੱਟੇ ਫਲਾਂ ਦੀਆਂ 32 ਕਿਸਮਾਂ ਵਿਚੋਂ ਚੋਣ ਕਰ ਸਕਦੇ ਹਨ। ਇਕ ਕਮਰਸ਼ੀਅਲ ਨਰਸਰੀ ਵਿਚ ਮਿਲਣ ਵਾਲਾ ਇਹ ਇਕ ਵੱਡਾ ਇਕੱਠ ਹੈ। ਪੈਪਸੀਕੋ ਫਿਲਹਾਲ ਛੋਟੇ ਪੌਦੇ ਪ੍ਰਦਾਨ ਕਰ ਰਹੀ ਹੈ। ਇਸ ਸਾਲ ਦੇ ਅੰਤ ਤੱਕ ਖੱਟੇ ਫਲਾਂ ਦੀ ਖੇਤੀ ਲਈ 10,000 ਏਕੜ ਭੂਮੀ ਦੀ ਵਰਤੋਂ ਹੋਣ ਦੀ ਆਸ ਹੈ। ਅਗਲੇ ਸਾਲ ਤੱਕ ਨਰਸਰੀ ਦੀ ਸਮਰੱਥਾ ਸਲਾਨਾ ਚਾਰ ਅਰਬ ਪੌਦਿਆਂ ਤੱਕ ਦੀ ਹੋਵੇਗੀ, ਜਿਹੜੇ ਹਰ ਸਾਲ 35,000 ਏਕੜ ਭੂਮੀ 'ਤੇ ਬਾਗ ਲਗਾਉਣ ਦੇ ਲਈ ਕਾਫੀ ਹੋਣਗੇ।